ਵੀਰਵਾਰ
3, ਦਸੰਬਰ 2009
20 ਮੱਘਰ ,
ਨਾਨਕਸ਼ਾਹੀ 541

ਅੱਜ ਦੀ ਆਵਾਜ਼

ਕੀਮਤ 2 ਰੁਪਏ

ਜਲੰਧਰ
ਅੰਕ ਨੰ. 233,
ਸਾਲ 25
Postal Regd. No.
PB/0007/09-2011

www.ajdiawaaz.com ਪੰਜਾਬ ਦੀ ਉਮੀਦ info@ajdiawaaz.com

ਸ਼ਹਿਰ ਤੇ ਆਸ-ਪਾਸ
ਨਰੇਗਾ ਤਹਿਤ ਚਲ ਰਹੇ ਵਿਕਾਸ ਕੰਮਾਂ... 3

ਸੰਪਾਦਕੀ
ਦੱਖਣੀ ਏਸ਼ੀਆ 'ਚ ਹੋਰ ਖ਼ੂਨ ਖਰਾਬੇ ਦਾ ਖਦਸ਼ਾ 4

ਇੱਕ ਕਦਮ ਅੱਗੇ
ਮੁਹੰਮਦ ਸਦੀਕ 8

'ਭਾਰਤ ਉਸਾਰੀ ਰੋਕੇ'

ਚੀਨ ਵੱਲੋਂ ਮਿਜ਼ਾਇਲਾਂ ਤਾਇਨਾਤ

ਸੰਭਾਵੀ ਜੰਗ ਦੇ ਬੱਦਲ ਛਾਏ

ਨਵੀਂ ਦਿੱਲੀ, 2 ਦਸੰਬਰ (ਵਿਸ਼ਵ ਵਾਰਤਾ)- ਚੀਨ ਨੇ ਭਾਰਤ-ਚੀਨ ਸੀਮਾ 'ਤੇ 3 ਹਜ਼ਾਰ ਕਿਲੋਮੀਟਰ ਤੱਕ ਮਾਰ ਕਰਨ ਵਾਲੀਆਂ ਮਿਜ਼ਾਇਲਾਂ ਨੂੰ ਫਿੱਟ ਕਰ ਦਿੱਤਾ ਹੈ। ਇਸ ਦੇ ਨਾਲ ਹੀ ਹਲਕੇ ਜੰਗੀ ਟੈਂਕ ਵੀ ਸਰਹੱਦ ਦੇ ਨਾਲ-ਨਾਲ ਲਿਆ ਕੇ ਖੜ੍ਹੇ ਕਰ ਰੱਖੇ ਹਨ। ਇੰਨਾ ਹੀ ਨਹੀਂ ਬਹੁਤ ਸਾਰੇ ਨਵੇਂ ਜੰਗੀ ਬੰਕਰ ਬਣਾਏ ਗਏ ਹਨ ਤੇ ਉਸ ਨੇ ਪੁਰਾਣੇ ਬੰਕਰਾਂ ਦੀ ਜੰਗੀ ਪੱਧਰ 'ਤੇ ਮੁਰੰਮਤ ਸ਼ੁਰੂ ਕਰ ਦਿੱਤੀ ਹੈ। ਇਹ ਜਾਣਕਾਰੀ ਭਾਰਤ ਦੇ ਸੁਰੱਖਿਆ ਗੁਪਤਚਰ ਵਿਭਾਗ ਨੇ ਦਿੱਤੀ ਹੈ। ਇਸ ਸੂਚਨਾ ਨੂੰ ਧਿਆਨ ਵਿਚ ਰੱਖ ਕੇ ਭਾਰਤ ਨੇ ਵੀ ਆਪਣੀਆਂ ਫੌਜਾਂ ਨੂੰ ਚੀਨ ਦੀਆਂ ਵੱਧ ਰਹੀਆਂ ਸਰਗਰਮੀਆਂ ਨੂੰ ਧਿਆਨ ਵਿਚ ਰੱਖਕੇ ਸਾਵਧਾਨ ਕਰ ਦਿੱਤਾ ਹੈ। ਭਾਰਤ ਦੀ ਗੁਪਤਚਰ ਏਜੰਸੀ ਰਾਅ ਨੇ ਆਖਿਆ ਕਿ ਚੀਨ ਦੇ ਭਾਰਤ ਪ੍ਰਤੀ ਇਰਾਦੇ ਨੇਕ ਨਹੀਂ ਲੱਗਦੇ। ਜੇ ਉਹ ਸ਼ਾਂਤੀ ਬਣਾਈ ਰੱਖਣਾ ਚਾਹੁੰਦਾ ਹੋਵੇ ਤੇ ਦੋਵੇਂ ਦੇਸ਼ਾਂ ਵਿਚਾਲੇ ਸੁਖਾਵੇਂ ਸਬੰਧ ਬਣਾਉਣ ਦੀ ਇੱਛਾ ਰੱਖਦਾ ਹੈ ਤਾਂ ਉਸ ਨੂੰ ਭਾਰਤੀ ਸੀਮਾ ਦੇ ਨਾਲ 3 ਹਜ਼ਾਰ ਕਿਲੋਮੀਟਰ ਤੱਕ ਮਾਰ ਕਰਨ ਵਾਲੀਆਂ ਮਿਜ਼ਾਇਲਾਂ ਫਿੱਟ ਕਰਨ ਦੀ ਕੀ ਲੋੜ ਹੈ। ਚੀਨ ਨੇ ਤਾਂ ਐਟਮੀ ਟਿਪ ਬੈਲੇਸਾਟਿਕ ਮਿਜ਼ਾਇਲਾਂ ਲਈ ਲਾਂਚ ਪੈਂਡ ਵੀ ਤਿਆਰ ਕੀਤੇ ਹਨ। ☛(ਬਾਕੀ ਸਫਾ 2 'ਤੇ)

ਅਫ਼ਗਾਨ ਤੇ ਪਾਕਿ ਅੱਤਵਾਦ ਦਾ ਕੇਂਦਰ-ਓਬਾਮਾ

ਮਨਮੋਹਨ ਸਿੰਘ ਦੀ ਯਾਤਰਾ ਇਤਿਹਾਸਕ-ਅਮਰੀਕਾ

ਵਾਸ਼ਿੰਗਟਨ, 2 ਦਸੰਬਰ (ਵਿਸ਼ਵ ਵਾਰਤਾ)-ਓਬਾਮਾ ਪ੍ਰਸ਼ਾਸਨ ਨੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਯਾਤਰਾ ਨੂੰ ਇਤਿਹਾਸਕ ਦੱਸਦਿਆਂ ਕਿਹਾ ਹੈ ਕਿ ਇਸ ਨਾਲ ਦੋਨਾਂ ਦੇਸ਼ਾਂ ਨੇ ਕੁਝ ਚੋਣਵੇਂ ਟੀਚਿਆਂ ਨੂੰ ਹਾਸਿਲ ਕੀਤਾ ਹੈ। ਅਮਰੀਕੀ ਵਿਦੇਸ਼ ਵਿਭਾਗ ਦੇ ਬੁਲਾਰੇ ਈਆਨ ਕੇਲੀ ਨੇ ਪੱਤਰਕਾਰਾਂ ਨਾਲ ਗੱਲਬਾਤ ਵਿਚ ਕਿਹਾ ਕਿ ਇਹ ਅਸਲ ਵਿਚ ਇਕ ਇਤਿਹਾਸਕ ਦੌਰਾ ਸੀ ਜਿਸ ਵਿਚ ਸਾਡੇ ਕੁਝ ਖਾਸ ਉਦੇਸ਼ ਸਨ। ਦੂਸਰੇ ਪਾਸੇ ਮਾਹਿਰਾਂ ਦਾ ਮੰਨਣਾ ਹੈ ਕਿ ਦੌਰੇ ਤੋਂ ਕੋਈ ਵੱਡੀ ਖ਼ਬਰ ਨਹੀਂ ਆਈ ਹੈ, ਜਿਵੇਂ ਕਿ ਪਿਛਲੇ ਬੁਸ਼ ਪ੍ਰਸ਼ਾਸਨ ਦੌਰਾਨ ਸੰਨ 2005 ਵਿਚ ਪ੍ਰਮਾਣੂ ਕਰਾਰ ਨੂੰ ਲੈ ਕੇ ਆਈ ਸੀ। ਪਰ ਕੇਲੀ ਨੇ ਕਿਹਾ ਕਿ ਮੈਂ ਸਮਝਦਾ ਹਾਂ ਕਿ ਮੁੱਖ ਗੱਲ ਇਹ ਹੈ ਕਿ ਇਸ ਨਾਲ ਅਮਰੀਕਾ ਦੇ ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਦੇ ਨਾਲ ਵਧਦੇ ਸਬੰਧ ਹੋਰ ਡੂੰਘੇ ਹੋਏ ਹਨ। ਅਜਿਹੇ ਦੇਸ਼ ਦੇ ਨਾਲ ਜਿਸ ਦੀ ਨਾ ਕੇਵਲ ਖੇਤਰੀ ਪੱਧਰ 'ਤੇ ਬਲਕਿ ਵਿਸ਼ਵ ਪੱਧਰ ਮਹੱਤਤਾ ਵਧ ਰਹੀ ਹੈ। ਕੇਲੀ ਨੇ ਕਿਹਾ ਕਿ ਅਸੀਂ ਸਹਿਯੋਗ ਅਤੇ ਚਰਚਾ ਖਾਸ ਕਰਕੇ ਊਰਜਾ ਤੇ ਜਲਵਾਯੂ ਪਰਿਵਰਤਨ ਦੇ ਖੇਤਰ ਵਿਚ ਨਵੇਂ ਖੇਤਰਾਂ ਦੀ ਸ਼ੁਰੂਆਤ ਲਈ ਕੀਤੀ। ਲਿਹਾਜ਼ਾ ਮੈਂ ਸੋਚਦਾ ਹਾਂ ਕਿ ਇਹ ਇਕ ਇਤਿਹਾਸਕ ਯਾਤਰਾ ਸੀ ਜਿਸ ਵਿਚ ਅਸੀਂ ਚੋਣਵੇਂ ਟੀਚੇ ਹਾਸਿਲ ਕੀਤੇ ਹਨ। ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਨੇ ☛(ਬਾਕੀ ਸਫਾ 2 'ਤੇ)

ਮਨਮੋਹਨ ਸਿੰਘ ਜਾਣਗੇ 6 ਨੂੰ ਰੂਸ ਯਾਤਰਾ 'ਤੇ

ਨਵੀਂ ਦਿੱਲੀ, 2 ਦਸੰਬਰ (ਵਿਸ਼ਵ ਵਾਰਤਾ)-ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਆਉਂਦੀ 6 ਤਾਰੀਖ ਨੂੰ ਰੂਸ ਦੀ ਤਿੰਨ ਦਿਵਸੀ ਯਾਤਰਾ 'ਤੇ ਜਾ ਰਹੇ ਹਨ। ਇਸ ਦੌਰਾਨ ਉਹ ਰੂਸੀ ਰਾਸ਼ਟਰਪਤੀ ਦੇ ਨਾਲ ਨਿਯਮਿਤ ਸਾਲਾਨਾ ਬੈਠਕ ਵੀ ਕਰਨਗੇ। ਮਿਲੀ ਜਾਣਕਾਰੀ ਅਨੁਸਾਰ ਮਨਮੋਹਨ ਸਿੰਘ 6 ਤੋਂ 8 ਦਸੰਬਰ ਤੱਕ ਰੂਸ ਦੀ ਸਰਕਾਰੀ ਯਾਤਰਾ 'ਤੇ ਰਹਿਣਗੇ। ਰੂਸੀ ਰਾਸ਼ਟਰਪਤੀ ਦੇ ਸੱਦੇ 'ਤੇ ਰੂਸ ਯਾਤਰਾ 'ਤੇ ਜਾ ਰਹੇ ਮਨਮੋਹਨ ਸਿੰਘ 6 ਦਸੰਬਰ ਨੂੰ ਬਾਅਦ ਦੁਪਹਿਰ ਰੂਸ ਪਹੁੰਚਣਗੇ ਅਤੇ 7 ਦਸੰਬਰ ਨੂੰ ਕ੍ਰੈਮਲੀਨ ਵਿੱਚ ਸਰਕਾਰੀ ਪੱਧਰ ਦੀਆਂ ਚਰਚਾਵਾਂ ਵਿੱਚ ਸ਼ਾਮਲ ਹੋਣਗੇ। ਇਸੇ ਦਿਨ ਸ਼ਾਮ ਨੂੰ ਮਨਮੋਹਨ ਸਿੰਘ ਬੋਲਸੋਈ ਥੀਏਟਰ ਵਿੱਚ ਰੂਸ ਵਿਖੇ ਭਾਰਤੀ ਸਾਲ ਦੇ ਸਮਾਪਤੀ ਸਮਾਰੋਹ ਵਿੱਚਸ਼ਾਮਲ ਹੋਣਗੇ ਜਿੱਥੇ ਇੱਕ ਸੰਗੀਤਕ ਪ੍ਰੋਗਰਾਮ ਦਾ ਆਯੋਜਨ ਵੀ ਕੀਤਾ ਜਾਵੇਗਾ।

ਛੋਟਾ ਘੱਲੂਘਾਰਾ

ਕਾਹਨੂੰਵਾਨ ਛੰਬ ਦੇ ਮਹਾਨ ਸ਼ਹੀਦਾਂ ਦੀ ਯਾਦ 'ਚ

1 ਹਜ਼ਾਰ ਬਿਸਤਰਿਆਂ ਵਾਲੇ ਹਸਪਤਾਲ ਦਾ ਨੀਂਹ ਪੱਥਰ ਰੱਖਿਆ

ਗੁਰਦਾਸਪੁਰ/ਅੰਮ੍ਰਿਤਸਰ 2 ਦਸੰਬਰ ()ਮੋਤਾ ਸਿੰਘ)- ਛੋਟਾ ਘੱਲੂਘਾਰਾ ਸਾਹਿਬ ਛੰਬ ਕਾਹਨੂੰਵਾਨ ਦੇ ਮਹਾਨ ਸ਼ਹੀਦਾ ਦੀ ਯਾਦ ਵਿੱਚ ਲੱਗਭਗ 100 ਕਰੋੜ ਦੀ ਲਾਗਤ ਨਾਲ ਉਸਾਰੇ ਜਾਣ ਵਾਲੇ ਵਿਸ਼ਵ ਪੱਧਰੀ ਆਧੁਨਿਕ ਸਹੂਲਤਾਂ ਭਰਪੂਰ ਇੱਕ ਹਜ਼ਾਰ ਬਿਸਤਰਿਆਂ ਵਾਲੇ ਹਸਪਤਾਲ ਦਾ ਨੀਂਹ ਪੱਥਰ ਅੱਜ ਗੁਰਦੁਆਰਾ ਘੱਲੂਘਾਰਾ ਸਾਹਿਬ ਛੰਬ ਕਾਹਨੂੰਵਾਨ ਦੇ ਨਜਦੀਕ ਸੰਤ ਮਹਾਪੁਰਸ਼ਾ, ਧਾਰਮਿਕ ਅਤੇ ਰਾਜਨੀਤਿਕ ਆਗੂਆਂ ਜਿਨਾਂ ਵਿੱਚ ਜਥੇਦਾਰ ਸੇਵਾ ਸਿੰਘ ਸੇਖਵਾਂ ਸੂਚਨਾ ਤੇ ਲੋਕ ਸੰਪਰਕ ਮੰਤਰੀ ਪੰਜਾਬ ਅਤੇ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ੍ਰ. ਸੁੱਚਾ ਸਿੰਘ ਲੰਗਾਹ ਖੇਤੀਬਾੜੀ ਮੰਤਰੀ ਪੰਜਾਬ ਅਤੇ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸਿੰਘ ਸਾਹਿਬ ਗਿਆਨੀ ਜਸਵਿੰਦਰ ਸਿੰਘ ਹੈਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਸੰਤ ਬਾਬਾ ਹਰਬੰਸ ਸਿੰਘ ਜੀ ਦਿੱਲੀ ਕਾਰਸੇਵਾ ਵਾਲੇ, ਸੰਤ ਬਾਬਾ ਲਾਭ ਸਿੰਘ ਜੀ ਅਨੰਦਪੁਰ ਸਾਹਿਬ ਕਾਰ ਸੇਵਾ ਵਾਲੇ, ਹਾਜੀ ਸਯਅਦ ਅਨਵਰ ਹੁਸੈਨ ਚਿਸਤੀ, ਨਿਆਜੀ ਖਾਦਮ ਹਜੂਰ ਗਰੀਬ ਨਿਵਾਜ ਅਜਮੇਰ ☛(ਬਾਕੀ ਸਫਾ 2 'ਤੇ)

ਪਾਕਿ ਨਾਲ ਗੱਲਬਾਤ ਲਈ ਗੰਭੀਰ ਨਹੀਂ ਭਾਰਤ-ਗਿਲਾਨੀ

ਬਰਲਿਨ, 2 ਦਸੰਬਰ (ਵਿਸ਼ਵ ਵਾਰਤਾ)- ਪਾਕਿਸਤਾਨ ਦੇ ਪ੍ਰਧਾਨ ਮੰਤਰੀ ਯੂਸਫ ਰਜ਼ਾ ਗਿਲਾਨੀ ਨੇ ਆਖਿਆ ਕਿ ਪਾਕਿਸਤਾਨ ਦੀ ਸਰਕਾਰ ਉਹ ਚਲਾ ਰਹੇ ਹਨ ਕਿਉਂਕਿ ਉਹ ਪ੍ਰਧਾਨ ਮੰਤਰੀ ਹਨ ਤੇ ਆਸਿਫ ਅਲੀ ਜ਼ਰਦਾਰੀ ਦੇਸ਼ ਦੇ ਰਾਸ਼ਟਰਪਤੀ ਹਨ। ਉਨ੍ਹਾਂ ਨੇ ਪੱਤਰਕਾਰਾਂ ਦੇ ਇਕ ਸਵਾਲ ਦੇ ਜਵਾਬ ਵਿਚ ਸਪੱਸ਼ਟ ਕੀਤਾ ਕਿ ਸਰਕਾਰ ਦਾ ਮੁਖੀ ਮੈਂ ਹਾਂ ਤੇ ਦੇਸ਼ ਦਾ ਮੁਖੀ ਆਸਿਫ ਅਲੀ ਜ਼ਰਦਾਰੀ ਹਨ। ਉਨ੍ਹਾਂ ਨੇ ਇਹ ਗੱਲ ਪੁਛੇ ਗਏ ਉਸ ਸਵਾਲ ਪਾਕਿਸਤਾਨ ਦੀ ਸਰਕਾਰ ਕੌਣ ਚੱਲਾ ਰਿਹਾ ਹੈ, ਦੇ ਜਵਾਬ ਵਿਚ ਆਖੀ ਸੀ। ਉਨ੍ਹਾਂ ਨੂੰ ਪੁੱਛਿਆ ਗਿਆ ਕਿ ਅਮਰੀਕਾ ਅਫਗਾਨਿਸਤਾਨ ਵਿਚ 30 ਹਜ਼ਾਰ ਹੋਰ ਫੌਜੀ ਭੇਜ ਰਿਹਾ ਹੈ ਤਾਂ ਉਨ੍ਹਾਂ ਆਖਿਆ ਕਿ ਇਹ ਉਸ ਦਾ ਆਪਣਾ ਮਾਮਲਾ ਹੈ, ਮੈਂ ਇਸ ਬਾਰੇ ਕੁਝ ਨਹੀਂ ਆਖ ਸਕਦਾ ਪਰ ਇਹ ਉਨ੍ਹਾਂ ਸਪੱਸ਼ਟ ਕੀਤਾ ਕਿ ਜਦੋਂ ਅਮਰੀਕਾ ਦੇ 30 ਹਜ਼ਾਰ ਫੌਜੀ ਅਫਗਾਨਿਸਤਾਨ ਵਿਚ ਆ ਜਾਣਗੇ ਤਾਂ ਤਾਲਿਬਾਨ ਅਫਗਾਨਿਸਤਾਨ ਵਿਚੋਂ ☛(ਬਾਕੀ ਸਫਾ 2 'ਤੇ)

ਉਸਾਰੀ 'ਤੇ ਇਤਰਾਜ਼ ਨਹੀਂ ਕਰ ਸਕਦਾ ਚੀਨ-ਖਾਂਡੂ

ਕਿਸੇ ਵੀ ਦਬਾਅ ਦੇ ਸਾਹਮਣੇ ਨਹੀਂ ਝੁਕਾਂਗੇ

ਨਵੀਂ ਦਿੱਲੀ, 2 ਦਸੰਬਰ (ਵਿਸ਼ਵ ਵਾਰਤਾ)-ਚੀਨ ਦੇ ਇਤਰਾਜ਼ ਕਾਰਨ ਲੱਦਾਖ਼ ਦੇ ਦੱਖਣੀ ਪੂਰਬੀ ਖੇਤਰ ਵਿੱਚ ਡੈਮਚੋਕ ਲਿੰਕ ਰੋਡ ਦੇ ਨਿਰਮਾਣ ਕਾਰਜ ਨੂੰ ਰੋਕ ਦਿੱਤੇ ਜਾਣ ਦੇ ਬਾਵਜੂਦ ਅਰੁਣਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਦੋਰਜੀ ਖਾਂਡੂ ਨੇ ਜ਼ੋਰ ਦੇ ਕੇ ਕਿਹਾ ਹੈ ਕਿ ਉਹਨਾਂ ਦੀ ਸਰਕਾਰ ਇਸ ਤਰ੍ਹਾਂ ਦੇ ਕਿਸੇ ਵੀ ਦਬਾਅ ਦੇ ਸਾਹਮਣੇ ਨਹੀਂ ਝੁਕੇਗੀ। ਖਾਂਡੂ ਨੇ ਕਿਹਾ ਕਿ ਢਾਂਚਾਗਤ ਵਿਕਾਸ ਕਾਰਜ 'ਤੇ ਇਤਰਾਜ਼ ਪ੍ਰਗਟਾਉਣ ਦਾ ਚੀਨ ਨੂੰ ਕੋਈ ਅਧਿਕਾਰ ਨਹੀਂ ਹੈ ਕਿਉਂਕਿ ਅਰੁਣਾਚਲ ਪ੍ਰਦੇਸ਼ ਭਾਰਤ ਦਾ ਅਟੁੱਟ ਹਿੱਸਾ ਹੈ। ਉਹਨਾਂ ਤੋਂ ਜਦੋਂ ਪੁੱਛਿਆ ਗਿਆ, ਕਿ ਚੀਨ ਦੇ ਇਤਰਾਜ਼ 'ਤੇ ਉਹਨਾਂ ਦੀ ਸਰਕਾਰ ਕਿਸੇ ਵੀ ਢਾਂਚਾਗਤ ਪ੍ਰਾਜੈਕਟਾਂ ਦਾ ਕੰਮ ਰੋਕ ਦੇਵੇਗੀ ਤਾਂ ਉਹਨਾਂ ਨੇ ਕਿਹਾ ਕਿ ਕੇਵਲ ਇਹ ਕਹਿਣ 'ਤੇ ਕਿ ਇਹ ਜ਼ਮੀਨ ਉਸ ਦੀ ਹੈ ਦੇ ਕਾਰਨ ਵਿਕਾਸ ਕਾਰਜ ਕਤਈ ਨਹੀਂ ਰੁਕੇਗਾ। ਖਾਂਡੂ ਨੇ ਇਸ ਦੇ ਨਾਲ ਇਹ ਵੀ ਕਿਹਾ ਕਿ ਅਰੁਣਾਚਲ ਪ੍ਰਦੇਸ਼ ਭਾਰਤ ਅਟੁੱਟ ਅੰਗ ਹੈ। ਚੀਨ ਸਾਡੀ ਭੂਮੀ 'ਤੇ ਕੋਈ ਵੀ ਢਾਂਚਾਗਤ ਵਿਕਾਸ ਕਾਰਜ 'ਤੇ ਇਤਰਾਜ਼ ਨਹੀਂ ਪ੍ਰਗਟਾ ਸਕਦਾ। ਸਾਨੂੰ ਉਹਨਾਂ ਦੇ ਦਾਅਵੇ ਨੂੰ ਲੈ ਕੇ ਕੋਈ ਚਿੰਤਾ ਨਹੀਂ ਹੈ।

ਆਸ਼ੂਤੋਸ਼ ਖਿਲਾਫ ਸਿੱਖ ਜਥੇਬੰਦੀਆਂ ਸੜਕਾਂ 'ਤੇ ਉੱਤਰੀਆਂ

ਲੁਧਿਆਣਾ, 2 ਦਸੰਬਰ (ਰਾਜ ਜੋਸ਼ੀ)- ਨੂਰਮਹਿਲੀਏ ਆਸ਼ੂਤੋਸ਼ ਖਿਲਾਫ ਸਿੱਖਾਂ ਦੇ ਮਨਾਂ ਅੰਦਰ ਫੈਲਿਆ ਰੋਸ ਅੱਜ ਖੁੱਲ੍ਹ ਕੇ ਸਾਹਮਣੇ ਆ ਗਿਆ, ਸ਼ਹਿਰ ਦੀਆਂ ਵੱਖ-ਵੱਖ ਸਿੱਖ ਜਥੇਬੰਦੀਆਂ ਵੱਲੋਂ ਇਕੱਠੇ ਹੋ ਕੇ ਸਾਰੇ ਸ਼ਹਿਰ ਵਿੱਚ ਆਸ਼ੂਤੋਸ਼ ਖਿਲਾਫ ਰੋਹ ਭਰਪੂਰ ਰੋਸ ਮੁਜ਼ਾਹਰਾ ਕੀਤਾ ਗਿਆ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਦਾ ਪਿੱਟ ਸਿਆਪਾ ਕੀਤਾ ਗਿਆ। ਗੁਰਦੁਆਰਾ ਸ਼ਹੀਦਾਂ ਮਾਡਲ ਟਾਊਨ ਤੋਂ ਕਰੀਬ 12 ਵਜੇ ਭਾਈ ਜਰਨੈਲ ਸਿੰਘ ਤੱਤ ਖਾਲਸਾ ਦੀ ਅਗਵਾਈ ਹੇਠ ਸਿੱਖ ਜਥੇਬੰਦੀਆਂ ਵੱਲੋਂ ਰੋਹ ਭਰਪੂਰ ਮੁਜ਼ਾਹਰਾ ਸ਼ੁਰੂ ਕੀਤਾ ਗਿਆ ਜੋ ਕਿ ਮਾਡਲ ਟਾਊਨ ਦੇ ਵੱਖ-ਵੱਖ ਇਲਾਕਿਆਂ 'ਚੋਂ ਹੁੰਦਾ ਹੋਇਆ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੇ ਘਰ ਦੇ ਜਦੋਂ ਬਾਹਰ ਪੁੱਜਾ ਤਾਂ ਪੁਲਿਸ ਵੱਲੋਂ ਇਲਾਕੇ ਦੇ ਗੇਟ ਬੰਦ ਕਰਕੇ ਮੱਕੜ ਦੇ ਘਰ ਤੋਂ ਪਹਿਲਾਂ ਹੀ ਰੋਕ ਲਿਆ।

ਹਰਸਿਮਰਤ ਨੇ ਵੀ ਲੋਕ ਸਭਾ 'ਚ ਮਾਰਿਆ ਹਾਅ ਦਾ ਨਾਅਰਾ

'84 ਦੇ ਸਿੱਖ ਵਿਰੋਧੀ ਦੰਗਿਆਂ ਦੇ ਦੋਸ਼ੀਆਂ ਨੂੰ ਸਜ਼ਾ ਲਈ ਅਦਾਲਤ ਜਾਵਾਂਗੇ

ਨਵੀਂ ਦਿੱਲੀ, 2 ਦਸੰਬਰ (ਵਿਸ਼ਵ ਵਾਰਤਾ)-ਅਕਾਲੀ ਦਲ ਦੀ ਲੋਕ ਸਭਾ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਲੋਕ ਸਭਾ ਦੇ ਬਾਹਰ ਪੱਤਰਕਾਰਾਂ ਨੂੰ ਦੱਸਿਆ ਕਿ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਦੋਸ਼ੀਆਂ ਨੂੰ ਸਜ਼ਾ ਦੁਆਉਣ ਲਈ ਅਕਾਲੀ ਦਲ ਅਦਾਲਤ ਤੱਕ ਪਹੁੰਚ ਕਰੇਗਾ। ਉਨ੍ਹਾਂ ☛(ਬਾਕੀ ਸਫਾ 2 'ਤੇ)

ਜੁੱਤੀ ਦਾ ਜਵਾਬ ਜੁੱਤੀ

ਪੈਰਿਸ, 2 ਦਸੰਬਰ (ਵਿਸ਼ਵ ਵਾਰਤਾ)-ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਜਾਰਜ਼ ਬੁਸ਼ 'ਤੇ ਜੁੱਤਾ ਸੁੱਟਣ ਵਾਲੇ ਇਰਾਕੀ ਪੱਤਰਕਾਰ ਅਲ ਜੈਦੀ ਉਤੇ ਪੈਰਿਸ ਵਿੱਚ ਕੱਲ੍ਹ ਇੱਕ ਵਿਅਕਤੀ ਨੇ ਜੁੱਤਾ ਸੁੱਟਿਆ। ਇਹ ਘਟਨਾ ਉਸ ਵੇਲੇ ਵਾਪਰੀ ਜਦੋਂ ਜੈਦੀ ਇਰਾਕ ਵਿੱਚ ਯੁੱਧ ਦੌਰਾਨ ਸ਼ਿਕਾਰ ਹੋਏ ਲੋਕਾਂ ਨਾਲ ਜੁੜੀ ਇੱਕ ਮੁਹਿਮ ਵਿੱਚ ਪੱਤਰਕਾਰ ਸੰਮੇਲਨ ਨੂੰ ਸੰਬੋਧਤ ਕਰ ਰਹੇ ਸਨ। ਸੂਤਰਾਂ ਮੁਤਾਬਿਕ ਜਦੋਂ ਜੈਦੀ ਸੰਬੋਧਨ ਕਰ ਰਹੇ ਸਨ ਤਾਂ ਸਰੋਤਿਆਂ ਵਿਚਾਲੇ ਬੈਠੇ ਇੱਕ ਵਿਅਕਤੀ ਨੇ ਖੜ੍ਹਾ ਹੋ ਕੇ ਜੈਦੀ ਨੂੰ ਜੁੱਤਾ ਮਾਰਿਆ। ਟੈਲੀਵਿਜ਼ਨ ਦ੍ਰਿਸ਼ ਵਿੱਚ ਦਿਖਾਇਆ ਗਿਆ ਹੈ ਕਿ ਜੁੱਤਾ ਜੈਦੀ ਨੂੰ ਨਾ ਲੱਗ ਕੇ ਅੱਗੇ ਕੰਧ ਦੇ ਨਾਲ ਟਕਰਾਅ ਗਿਆ ਅਤੇ ਫਿਰ ਸਰੋਤਿਆਂ ਵਿਚਾਲੇ ਧੱਕਾ-ਮੁੱਕੀ ਹੋ ਗਈ।

ਹਿੰਸਾ ਛੱਡਣ ਤਾਂ ਹੀ ਨਕਸਲੀਆਂ ਨਾਲ ਕਰਾਂਗੇ ਗੱਲਬਾਤ-ਚਿਦੰਬਰਮ

ਕਸ਼ਮੀਰ 'ਚ ਵੱਖਵਾਦੀਆਂ ਨਾਲ ਗੱਲਬਾਤ ਜਾਰੀ

ਨਵੀਂ ਦਿੱਲੀ, 2 ਦਸੰਬਰ (ਵਿਸ਼ਵ ਵਾਰਤਾ)-ਗ੍ਰਹਿ ਮੰਤਰੀ ਪੀ. ਚਿਦੰਬਰਮ ਨੇ ਅੱਜ ਰਾਜ ਸਭਾ ਵਿਚ ਸਵਾਲਾਂ ਦੇ ਜਵਾਬ ਵਿਚ ਆਖਿਆ ਕਿ ਪਾਕਿਸਤਾਨ ਨਾਲ ਉਦੋਂ ਤੱਕ ਭਾਰਤ ਕੋਈ ਗੱਲਬਾਤ ਨਹੀਂ ਕਰੇਗਾ ਜਦੋਂ ਤੱਕ ਉਹ ਮੁੰਬਈ ਕਾਂਡ ਦੇ ਦੋਸ਼ੀਆਂ ਨੂੰ ਸਜ਼ਾ ਨਹੀਂ ਦਿੰਦਾ ਅਤੇ ਆਪਣੀ ਧਰਤੀ ਤੋਂ ਦਹਿਸ਼ਤਗਰਦਾਂ ਦੇ ਢਾਂਚਿਆਂ ਨੂੰ ਖਤਮ ਨਹੀਂ ਕਰਦਾ। ਉਨ੍ਹਾਂ ਆਖਿਆ ਕਿ ਭਾਰਤ ਨੇ ਵਾਰ-ਵਾਰ ਪਾਕਿਸਤਾਨ ਨੂੰ ਮੁੰਬਈ ਹਮਲੇ ਦੇ ਦੋਸ਼ੀਆਂ ਵਿਰੁੱਧ ਕਾਰਵਾਈ ਕਰਨ 'ਤੇ ਆਪਣੀ ਧਰਤੀ ਤੋਂ ਦਹਿਸ਼ਤਗਰਦਾਂ ਦੇ ਢਾਂਚੇ ਨੂੰ ਖਤਮ ਕਰਨ ਲਈ ਆਖਿਆ ਪਰ ਪਾਕਿਸਤਾਨ ਇਸ ਮਾਮਲੇ ਨੂੰ ਗੰਭੀਰਤਾ ਨਾਲ ਨਹੀਂ ਲੈ ਰਿਹਾ ਹੈ। ਇਸ ਦੇ ਇਸ ਰਵੱਈਏ ਨਾਲ ਦਹਿਸ਼ਤਗਰਦਾਂ ਨੂੰ ਉਤਸ਼ਾਹ ਮਿਲਦਾ ਹੈ। ਉਨ੍ਹਾਂ ਆਖਿਆ ਕਿ ਮੁੰਬਈ ਹਮਲੇ ਦੀ ਸਾਜ਼ਿਸ਼ ਦੇ ਦੋਸ਼ੀਆਂ ਬਾਰੇ ਜਦੋਂ ਵੀ ਪਾਕਿਸਤਾਨ ਨੇ ਸਬੂਤ ਮੰਗੇ, ਭਾਰਤ ਨੇ ਦਿੱਤੇ। ਹੁਣ ਤੱਕ 7 ਵਾਰ ਸਬੂਤਾਂ ਦੀਆਂ ਦਸਤਾਵੇਜ਼ਾਂ ਪਾਕਿਸਤਾਨ ਨੂੰ ਦੇ ਚੁੱਕਾ ਹੈ ਪਰ ਪਾਕਿਸਤਾਨ ☛(ਬਾਕੀ ਸਫਾ 2 'ਤੇ)

ਐਤਕੀਂ ਦਾ ਸਰਦ ਰੁੱਤ ਐਸੰਬਲੀ ਸੈਸ਼ਨ ਛੋਟਾ ਨਹੀਂ-ਸਪੀਕਰ ਕਾਹਲੋਂ

ਚੰਡੀਗੜ੍ਹ, 2 ਦਸੰਬਰ (ਹਰੀਸ਼ ਚੰਦਰ ਬਾਗਾਂਵਾਲਾ)-ਪੰਜਾਬ ਵਿਧਾਨ ਸਭਾ ਦੇ ਸਪੀਕਰ ਸ੍ਰ. ਨਿਰਮਲ ਸਿੰਘ ਕਾਹਲੋਂ ਨੇ ਇਸ ਗੱਲ ਨੂੰ ਬੇਬੁਨਿਆਦ ਆਖਿਆ ਕਿ ਐਤਕੀਂ ਦਾ ਸਰਦ ਰੁੱਤ ਸੈਸ਼ਨ ਵਿਧਾਨ ਸਭਾ ਦਾ ਛੋਟਾ ਸੱਦਿਆ ਜਾ ਰਿਹਾ ਹੈ। ਉਨ੍ਹਾਂ ਵਿਰੋਧੀ ਧਿਰ ਵੱਲੋਂ ਕੀਤੇ ਕਿੰਤੂ ਨੂੰ ਤੱਥਾਂ 'ਤੇ ਅਧਾਰਿਤ ਝੁਠਲਾਉਂਦਿਆਂ ਪਿਛਲੇ ਦਹਾਕੇ ਦਾ ਡੈਟਾ ਪੱਤਰਕਾਰਾਂ ਨੂੰ ਜਾਰੀ ਕਰਦਿਆਂ ਉਨ੍ਹਾਂ ਦੱਸਿਆ ਕਿ ਕਾਂਗਰਸ ਸਰਕਾਰ ਦੌਰਾਨ ਸਰਦ ਰੁੱਤ ਸੈਸ਼ਨ ਸਾਲ 2002 ਵਿੱਚ ਤਿੰਨ ਦਿਨਾਂ 2003'ਚ 8 ਦਿਨਾਂ ਤੇ ਆਖਰੀ 2007 ਵਿੱਚ 4 ਬੈਠਕਾਂ ਹੋਈਆਂ ਸਨ। ਉਨ੍ਹਾਂ ਦੱਸਿਆ ਕਿ ਐਤਕੀਂ ਦਾ ਸੈਸ਼ਨ ਪਿਛਲੇ 10 ਸਾਲਾਂ ਵਿੱਚ ਸਭ ਤੋਂ ਵੱਡਾ ਹੈ ਜੋ ਕਿ ਪੰਜ ਦਿਨਾਂ ਦਾ ਹੈ ਜੋ 7 ਜਨਵਰੀ ਤੋਂ ਸ਼ੁਰੂ ਹੋ ਕੇ 11 ਜਨਵਰੀ ਤੱਕ ਚੱਲੇਗਾ। ਸ੍ਰ. ਨਿਰਮਲ ਸਿੰਘ ਕਾਹਲੋਂ ਨੇ ਕਿਹਾ ਕਿ ਉਹ ਆਪ ਚਾਹੁੰਦੇ ਹਨ ਕਿ ਸੈਸ਼ਨ ਕਾਲ ਵਿੱਚ ਘੱਟ-ਘੱਟ 40 ਬੈਠਕਾਂ ਜ਼ਰੂਰ ਕਰੇ, ਪਰੰਤੂ ਜਦੋਂ ਵਿਧਾਨਕ ਕੰਮ-ਕਾਰ ਨਹੀਂ ਹੁੰਦਾ ਤਾਂ ਇਸ ਦੀ ਮਿਆਦ ਕਿਵੇਂ ਵਧਾਉਣੀ, ਪੱਤਰਕਾਰਾਂ ਦੇ ਵਫਦ ਵੱਲੋਂ ਜਦੋਂ ਇਹ ਕਿਹਾ ਗਿਆ ਕਿ ਇੱਕੋ ਦਿਨ ਵਿੱਚ ਕਈ-ਕਈ ਬਿੱਲ ਪਾਸ ਹੋ ਜਾਂਦੇ ਹਨ, ਜੇ ਦਰਜਨ ਬਿੱਲਾਂ ਦੀ ਥਾਂ ਅੱਧੇ ਇੱਕ ਦਿਨ ਤੇ ਦੂਜੇ ਅਗਲੇ ਦਿਨ ਹੋ ਜਾਣ ਤਾਂ ਦਿਨ ਵਧ ਸਕਦੇ ਹਨ। ਇਸ ਤੇ ਸ੍ਰ. ਕਾਹਲੋਂ ਨੇ ਕਿਹਾ ਕਿ ਉਹ ਤਾਂ ਚਾਹੁੰਦੇ ਹਨ, ਪ੍ਰੰਤੂ ਵਿਧਾਇਕ ਜਿਨ੍ਹਾਂ ਬਿੱਲਾਂ ਉਪਰ ਬੋਲਣਾ ਹੁੰਦਾ ਹੈ, ਉਹ ਹੀ ਸੀਮਤ ਸਮੇਂ ਵਿੱਚ ਹੀ ਬਹਿਸ ਸਮੇਟ ਦਿੰਦੇ ਹਨ ਤਾਂ ਸਮਾਂ ਵਧਾਉਣਾ ਉਨ੍ਹਾਂ ਲਈ ਔਖਾ ਹੀ ਹੈ। ਸ੍ਰ. ਕਾਹਲੋਂ ਨੂੰ ਜਦੋਂ ਪੁੱਛਿਆ ਕਿ ਉਹ ਸੰਸਦ ਵਿੱਚ ਪੁੱਛੇ ਸਵਾਲਾਂ ਤੇ ਸਾਂਸਦ ਆਪ ਹੀ ਹਾਜ਼ਰ ਨਹੀਂ ਹੋਏ ਜੇ ਅਜਿਹਾ ਪੰਜਾਬ ਦੇ ਵਿਧਾਇਕ ਕਰਦੇ ਹਨ ਕੀ ਕੋਈ ਅਪੀਲ ਕਰੋਗੇ ਤੇ ਸ੍ਰ. ਕਾਹਲੋਂ ਨੇ ਕਿਹਾ ਕਿ ਅਜਿਹਾ ਵਿਧਾਇਕ ਦਲ ਦੇ ਆਪਣੇ ਇਲਾਕੇ ਦੇ ਮਸਲੇ ਚੁੱਕਣ ਤੋਂ ਉਹ ਵਾਂਝੇ ਰਹਿ ਜਾਂਦੇ ਹਨ। ਉਨ੍ਹਾਂ ਦੱਸਿਆ ਕਿ ਇੱਕ ਵਾਰ ਜਦੋਂ ਕਾਂਗਰਸ ਪਾਰਟੀ ਸਾਰੇ ਸੈਸ਼ਨ ਦਾ ਬਾਈਕਾਟ ਕਰ ਗਈ ਸੀ ਤਾਂ ਕੁਝ ਕਾਂਗਰਸੀ ਵਿਧਾਇਕਾਂ ਨੇ ਵੀ ਇਹ ਮੰਨਿਆ ਸੀ ਕਿ ਇਲਾਕੇ ਦੇ ਮਸਲੇ ਚੁੱਕਣ ਦਾ ਸਮਾਂ ਨਿਕਲ ਗਿਆ ਹੈ। ☛(ਬਾਕੀ ਸਫਾ 2 'ਤੇ)

ਪੰਜਾਬ ਵਿਧਾਨ ਸਭਾ ਦਾ ਅੱਠਵਾਂ ਸੈਸ਼ਨ 7 ਤੋਂ

ਚੰਡੀਗੜ੍ਹ, 2 ਦਸੰਬਰ (ਹਰੀਸ਼ ਚੰਦਰ ਬਾਗਾਵਾਲਾ)- ਪੰਜਾਬ ਦੀ ਤੇਰ੍ਹਵੀਂ ਪੰਜਾਬ ਵਿਧਾਨ ਸਭਾ ਨੂੰ ਇਸ ਦੇ ਅੱਠਵੇਂ ਸਮਾਗਮ ਲਈ ਰਾਜਪਾਲ, ਪੰਜਾਬ ਦੁਆਰਾ ਸੋਮਵਾਰ 7 ਦਸੰਬਰ, 2009 ਬਾਅਦ ਦੁਪਹਿਰ 2:00 ਵਜੇ ਨੂੰ ਪੰਜਾਬ ਵਿਧਾਨ ਸਭਾ ਹਾਲ, ਵਿਧਾਨ ਭਵਨ, ਚੰਡੀਗੜ੍ਹ ਵਿਖੇ ਬੁਲਾਇਆ ਗਿਆ ਹੈ। ਇਸ ਗੱਲ ਦੀ ਜਾਣਕਾਰੀ ਅੱਜ ਇਥੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਸ. ਨਿਰਮਲ ਸਿੰਘ ਕਾਹਲੋਂ ਨੇ ਦਿੱਤੀ।

ਝਾਰਖੰਡ 'ਚ ਦੂਜੇ ਗੇੜ ਦੀ ਪੋਲਿੰਗ 45 ਫੀਸਦੀ ਤੋਂ ਵੱਧ

ਰਾਂਚੀ, 2 ਦਸੰਬਰ (ਵਿਸ਼ਵ ਵਾਰਤਾ)- ਅੱਜ ਸਵੇਰੇ 7 ਵਜੇ ਸਖ਼ਤ ਸੁਰੱਖਿਆ ਦੇ ਦੌਰਾਨ ਝਾਰਖੰਡ ਦੇ ਦੂਜੇ ਗੇੜ ਵਿਚ 14 ਵਿਧਾਨ ਸਭਾ ਹਲਕਿਆਂ ਵਿਚ ਵੋਟਾਂ ਪੈਣ ਦਾ ਕੰਮ ਸ਼ੁਰੂ ਹੋਇਆ ਜੋ ਮਾੜੀ-ਮੋਟੀਆਂ ਘਟਨਾਵਾਂ ਨੂੰ ਛੱਡ ਕੇ 3 ਵਜੇ ਸ਼ਾਂਤੀਪੂਰਨ ਢੰਗ ਨਾਲ ਖਤਮ ਹੋ ਗਿਆ। ਪ੍ਰਾਪਤ ਜਾਣਕਾਰੀ ਦੇ ਅਨੁਸਾਰ ਨਕਸਲ ਪ੍ਰਭਾਵਿਤ ਹਲਕੇ ਹੋਣ ਦੇ ਬਾਵਜੂਦ 45 ਪ੍ਰਤੀਸ਼ਤ ਤੋਂ ਵੱਧ ਵੋਟਾਂ ਪੋਲ ਹੋਈਆਂ। ਸ਼ੁਰੂ ਵਿਚ ਵੋਟਾਂ ਪੈਣ ਦੀ ਰਫ਼ਤਾਰ ਘੱਟ ਸੀ ਪਰ ਜਿਉਂ ਹੀ ਸਰਦੀ ਦਾ ਜ਼ੋਰ ਘਟਿਆ ਤਾਂ ਪੋਲਿੰਗ ਕੇਂਦਰਾਂ ਉਤੇ ਲੰਬੀਆਂ-ਲੰਬੀਆਂ ਲਾਈਨਾਂ ਲੱਗ ਗਈਆਂ ਜੋ ਪੌਣੇ 3 ਵਜੇ ਤੱਕ ਲੱਗੀਆਂ ਰਹੀਆਂ। ਇਨ੍ਹਾਂ ਵਿਚ ਬਹੁਤ ਸਾਰੇ ਲੜਕੇ ਤੇ ਲੜਕੀਆਂ ਅਜਿਹੀਆਂ ਸਨ ਜਿਹੜੇ ਪਹਿਲੀ ਵਾਰ ਵੋਟ ਪਾਉਣ ਲਈ ਪੋਲਿੰਗ ਕੇਂਦਰਾਂ 'ਤੇ ਆਏ ਸਨ। ਸੁਰੱਖਿਆ ਦੇ ਸਖਤ ਪ੍ਰਬੰਧ ਹੋਣ ਕਰਕੇ ਵੋਟਰਾਂ ਨੇ ਬੇਧੜਕ ਹੋ ਕੇ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕੀਤੀ। ਇਸੇ ਦੌਰਾਨ ਪਤਾ ਲੱਗਾ ਕਿ ਗਿਰਡੀਹ ਵਿਧਾਨ ਸਭਾ ਹਲਕੇ ਵਿਚ ਨਕਸਲੀਆਂ ਦੀ ਵਿਛਾਈ ਗਈ ਬਾਰੂਦੀ ਸੁਰੰਗ ਦੀ ਲਪੇਟ ਵਿਚ ਆ ਕੇ ਪੁਲਿਸ ਦਾ ਏ.ਐਸ. ਆਈ. ਮਾਰਿਆ ਗਿਆ। ਇਸੇ ਹਲਕੇ ਵਿਚ ਹੀ ਨਕਸਲੀਆਂ ਨੇ ਇਕ ਪੁਲੀ ਨੂੰ ਡਾਇਨਾ ਮਾਈਟ ਨਾਲ ਉਡਾ ਦਿੱਤਾ।

ਪੋਲਿੰਗ ਦੌਰਾਨ ਨਕਸਲੀਆਂ ਨੇ ਇਕ ਪੁਲੀ ਨੂੰ ਉਡਾਇਆ

ਨਵੀਂ ਦਿੱਲੀ, 2 ਦਸੰਬਰ (ਵਿਸ਼ਵ ਵਾਰਤਾ)- ਹਵਾਈ ਸੈਨਾ ਨੇ ਅੱਜ ਇਕ ਅਹਿਮ ਫੈਸਲਾ ਲੈਂਦਿਆਂ ਲੜਾਕੂ ਜਹਾਜ਼ ਸੁਖੋਈ 30 ਦੀਆਂ ਪ੍ਰੈਕਟਿਸ ਉਡਾਨਾਂ 'ਤੇ ਰੋਕ ਲਾ ਦਿੱਤੀ ਹੈ। ਏਅਰ ਫੋਰਸ ਨੇ ਲਗਾਤਾਰ ਹੋਏ ਹਾਦਸਿਆਂ ਤੋਂ ਬਾਅਦ ਇਹ ਕਦਮ ਚੁੱਕਿਆ ਹੈ। ਜਾਣਕਾਰੀ ਅਨੁਸਾਰ ਹਵਾਈ ਸੈਨਾ ਨੇ ਤਕਨੀਕੀ ਜਾਂਚ ਤੱਕ ਸੁਖੋਈ ਦੀਆਂ ਪ੍ਰੈਕਟਿਸ ਉਡਾਨਾਂ 'ਤੇ ਰੋਕ ਲਾਈ ਹੈ। ਲੜਾਕੂ ਜਹਾਜ਼ਾਂ ਦੀ ਜਾਂਚ ਲਈ ਰੂਸ ਤੋਂ ਮਾਹਿਰ ਬੁਲਾਏ ਜਾਣਗੇ। ਇਸ ਸਮੇਂ ਭਾਰਤੀ ਹਵਾਈ ਫੌਜ ਵਿਚ 100 ਤੋਂ ਜ਼ਿਆਦਾ ਸੁਖੋਈ 30 ਜਹਾਜ਼ ਹਨ। ਜ਼ਿਕਰਯੋਗ ਹੈ ਕਿ ਪਿਛਲੇ ਮਹੀਨੇ ਇਨ੍ਹਾਂ ਜਹਾਜ਼ਾਂ ਨੂੰ ਕੁਝ ਹਾਦਸੇ ਪੇਸ਼ ਹਨ। ਜਿਸ ਕਾਰਨ ਹਵਾਈ ਸੈਨਾ ਨੂੰ ਭਾਰੀ ਨੁਕਸਾਨ ਸਹਿਣਾ ਪਿਆ ਹੈ ਕਿਉਂਕਿ ਇਸ ਰੂਸ ਵਿਚ ਬਣੇ ਸੁਖੋਈ ਜਹਾਜ਼ ਦੀ ਕੀਮਤ ਕਾਫੀ ਜ਼ਿਆਦਾ ਹੈ।

ਦੇਸ਼ ਦੇ ਉਦਯੋਗਿਕ ਨਕਸ਼ੇ 'ਤੇ ਪੰਜਾਬ ਬਣੇਗਾ ਮੋਹਰੀ ਸੂਬਾ-ਬਾਦਲ

ਪੰਜ ਰੋਜ਼ਾ ਪੰਜਾਬ ਅੰਤਰਰਾਸ਼ਟਰੀ ਵਪਾਰ ਮੇਲੇ ਦੀ ਸ਼ੁਰੂਆਤ

ਅੰਮ੍ਰਿਤਸਰ, 2 ਦਸੰਬਰ (ਮੋਤਾ ਸਿੰਘ)-ਸ. ਪਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ,ਪੰਜਾਬ ਨੇ ਦੇਸ਼ ਦੇ ਉਦਯੋਗਿਕ ਨਕਸ਼ੇ ਤੇ ਪੰਜਾਬ ਨੂੰ ਮੋਹਰੀ ਸੂਬਾ ਬਣਾਉਣ ਦੇ ਨਿਰਨੇ ਨੂੰ ਦੁਹਰਾਉਂਦਿਆਂ ਕਿਹਾ ਕਿ ਸੂਬੇ ਵਿੱਚ ਉਦਯੋਗਿਕ ਵਿਕਾਸ ਲਈ ਸੰਭਾਵੀ ਵਪਾਰੀਆਂ ਤੇ ਨਿਵੇਸ਼ਕਾਂ ਨੂੰ ਢੁੱਕਵਾਂ ਵਾਤਾਵਰਣ ਮੁਹੱਈਆ ਕਰਵਾਇਆ ਜਾ ਰਿਹਾ ਹੈ ਅਤੇ ਪੰਜਾਬ ਨੂੰ ਨਾ ਸਿਰਫ ਦੇਸ਼ ਵਿੱਚ ਬਲਕਿ ਦੁਨੀਆਂ ਵਿੱਚ ਨਿਵੇਸ਼ਕਾਂ ਦੀ ਪਹਿਲੀ ਪਸੰਦ ਦਾ ਕੇਂਦਰ ਬਣਾਇਆ ਜਾਵੇਗਾ। ਪੰਜ ਰੋਜ਼ਾ ਪੰਜਾਬ ਅੰਤਰਰਾਸ਼ਟਰੀ ਵਪਾਰ ਮੇਲੇ ਦੇ ਉਦਘਾਟਨੀ ਸਮਾਰੋਹ ਵਿੱਚ ਸ਼ਿਰਕਤ ਕਰਦਿਆਂ ਸ. ਬਾਦਲ ਨੇ ਪੀ.ਐਚ.ਡੀ. ਚੈਂਬਰ ਵੱਲੋਂ ਪੰਜਾਬ ਦੇ ਵਪਾਰ ਅਤੇ ਉਦਯੋਗ ਨੂੰ ਪ੍ਰਫੁੱਲਤ ਕਰਨ ਲਈ ਇਸ ਮੇਲੇ ਦਾ ਆਯੋਜਨ ਪੰਜਾਬ ਵਿੱਚ ਕਰਵਾਉਣ ਦੇ ਉਦਮ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਇਸ ਮੇਲੇ ਦੇ ਆਯੋਜਨ ਨਾਲ ਜਿਥੇ ਅੰਮ੍ਰਿਤਸਰ ਦੀਆਂ ਵਿੱਤੀ ਗਤੀਵਿਧੀਆਂ ਦਾ ਵਿਸਥਾਰ ਤੇ ਵਿਕਾਸ ਹੋਵੇਗਾ ਉਥੇ ਪੰਜਾਬ ਦੇ ਆਰਥਿਕ ਵਿਕਾਸ ਲਈ ਮਿਥੇ ਟੀਚੇ ਹਾਸਿਲ ਕਰਨ ਵਿੱਚ ਵੀ ਮਦਦ ਮਿਲੇਗੀ।ਪੰਜਾਬ ਦੀ ਉਦਯੋਗਿਕ ਨੀਤੀ(2009) ਦਾ ਜਿਕਰ ਕਰਦਿਆਂ ਸ. ਬਾਦਲ ਨੇ ਕਿਹਾ ਕਿ ਇਸ ਪਾਲਿਸੀ ਦਾ ਨਿਰੋਲ ਮੰਤਵ ਰਾਜ ਦੇ ਅਰਥਚਾਰੇ ਨੂੰ ਮਜ਼ਬੂਤ ਕਰਨਾ ਅਤੇ ਆਰਥਿਕ ਵਿਕਾਸ ਤੇ ਤਰੱਕੀ ਦੇ ਭਾਈਵਾਲ ਨਿਵੇਸ਼ਕਾਂ ਤੇ ਵਪਾਰੀਆਂ ਨੂੰ ਉਨ੍ਹਾਂ ਦੀਆਂ ਗਤੀਵਿਧੀਆਂ ਲਈ ਇਕ ਸਮਾਨ ਮੌਕੇ ਪ੍ਰਦਾਨ ਕਰਨਾ ਹੈ। ਉਦਘਾਟਨੀ ਸਮਾਰੋਹ ਵਿੱਚ ਅੰਮ੍ਰਿਤਸਰ ਦੇ ਮੇਅਰ ਸ਼੍ਰੀ ਸ਼ਵੇਤ ਮਲਿਕ, ਪੀ.ਐਸ.ਆਈ.ਈ.ਸੀ. ਦੇ ਚੇਅਰਮੈਨ ਸ. ਰਜਿੰਦਰ ਮੋਹਨ ਸਿੰਘ ਛੀਨਾ, ਵਿਧਾਇਕ ਸ਼੍ਰੀ ਅਨਿਲ ਜੋਸ਼ੀ, ਮੁੱਖ ਮੰਤਰੀ,ਪੰਜਾਬ ਦੇ ਓ.ਐਸ.ਡੀ. ਸ਼੍ਰੀ ਨਰਿੰਦਰ ਸਾਂਗਾ, ਡਿਪਟੀ ☛(ਬਾਕੀ ਸਫਾ 2 'ਤੇ)

ਰਜਿਸਟਰੀਆਂ ਦੇ ਕੇਸਾਂ ਦੇ ਨਿਪਟਾਰੇ ਲਈ ਕੈਂਪ ਅੱਜ

ਅੰਮ੍ਰਿਤਸਰ, 2 ਦਸੰਬਰ (ਮੋਤਾ ਸਿੰਘ)- ਨਗਰ ਸੁਧਾਰ ਟਰੱਸਟ, ਅੰਮ੍ਰਿਤਸਰ ਵਿਖੇ 3.12.09 ਨੂੰ 10:00 ਵਜੇ ਹਲਕਾ ਅੰਮ੍ਰਿਤਸਰ ਉਤਰੀ ਦੇ ਵਿਧਾਇਕ ਸ੍ਰੀ ਅਨਿਲ ਜੋਸ਼ੀ ਦੀ ਅਗਵਾਈ ਹੇਠ ਰਜਿਸਟਰੀਆਂ ਦੇ ਕੇਸਾਂ ਦੇ ਨਿਪਟਾਰੇ ਲਈ ਕੈਂਪ ਲਗਾਇਆ ਜਾ ਰਿਹਾ ਹੈ। ਸਮੂਹ ਲੋਕਾਂ ਨੂੰ ਅਪੀਲ ਕੀਤੀ ਕਿ ਇਸ ਕੈਂਪ ਵਿੱਚ ਪਹੁੰਚ ਕੇ ਇਸ ਦਾ ਵੱਧ ਤੋਂ ਵੱਧ ਫਾਇਦਾ ਉਠਾਇਆ ਜਾਵੇ।

ਜੰਜੂਆ ਨੂੰ ਮਿਲੀ ਜ਼ਮਾਨਤ

ਚੰਡੀਗੜ੍ਹ, 2 ਦਸੰਬਰ (ਹਰੀਸ਼ ਚੰਦਰ ਬਾਗਾਂਵਾਲਾ)-ਦੋ ਲੱਖ ਰੁਪਏ ਦੀ ਰਿਸ਼ਵਤ ਲੈਣ ਦੇ ਮਾਮਲੇ ਵਿੱਚ ਵਿਜੀਲੈਂਸ ਬਿਊਰੋ ਵੱਲੋਂ ਗ੍ਰਿਫਤਾਰ ਕੀਤੇ ਗਏ ਆਈ.ਏ.ਐੱਸ. ਅਧਿਕਾਰੀ ਵਿਜੈ ਕੁਮਾਰ ਜੰਜੂਆ ਅੱਜ ਮਾਨਯੋਗ ਸੈਸ਼ਨ ਕੋਰਟ ਮੁਹਾਲੀ ਦੀ ਅਦਾਲਤ ਵੱਲੋਂ ਜ਼ਮਾਨਤ ਦਿੱਤੀ ਗਈ ਹੈ। ਅੱਜ ਮਾਨਯੋਗ ਸੈਸ਼ਨ ਜੱਜ ਮੁਹਾਲੀ ਦੀ ਅਦਾਲਤ ☛(ਬਾਕੀ ਸਫਾ 2 'ਤੇ)

ਏਲਾਨਾਬਾਦ ਦੀ ਜ਼ਿਮਨੀ ਚੋਣ ਲਈ ਟਿਕਟਾਂ ਦੀ ਦੌੜ ਸ਼ੁਰੂ

ਹਰਿਆਣਾ ਦੀ ਸਿਆਸੀ ਸੱਥ 'ਚੋਂ

ਚੰਡੀਗੜ੍ਹ, 2 ਦਸੰਬਰ (ਹਰੀਸ਼ ਚੰਦਰ ਬਾਗਾਵਾਲਾ)- ਹਰਿਆਣਾ ਦੀ ਰਾਜਨੀਤੀ ਦਾ ਧੁਰਾ ਬਣੇ ਵਿਧਾਨ ਸਭਾ ਹਲਕਾ ਏਲਾਨਾਬਾਦ 'ਚ ਜਿਥੇ ਸੂਬੇ ਦੇ ਗ੍ਰਹਿ ਮੰਤਰੀ ਗੋਪਾਲ ਕਾਂਤਾ ਨੇ ਵਿਕਾਸ ਰੈਲੀ ਕਰਕੇ ਆਪਣੇ ਭਰਾ ਗੋਬਿੰਦ ਕਾਂਤਾ ਲਈ ਟਿਕਟ ਦੀ ਦਾਅਵੇਦਾਰੀ ਜਤਾ ਦਿੱਤੀ, ਉਥੇ ਹੀ ਮੁੱਖ ਮੰਤਰੀ ਭੁਪਿੰਦਰ ਸਿੰਘ ਹੁਡਾ ਇਸ਼ਾਰਿਆਂ 'ਚ ਸਾਬਕਾ ਵਿਧਾਇਕ ਭਰਤ ਸਿੰਘ ਬੈਨੀਵਾਲ ਨੂੰ ਟਿਕਟ ਦੇਣ ਦਾ ਇਸ਼ਾਰਾ ਕਰ ਗਏ। ਜ਼ਿਕਰਯੋਗ ਹੈ ਕਿ ਚੋਟਾਲਿਆਂ ਦਾ ਗੜ੍ਹ ਮੰਨੇ ਜਾਣ ਵਾਲੇ ਸਿਰਸਾ ਜ਼ਿਲ੍ਹੇ ਦੇ ਵਿਧਾਨ ਸਭਾ ਹਲਕਾ ਏਲਾਨਾਬਾਦ ਤੋਂ ਉਪ ਪ੍ਰਕਾਸ਼ ਚੋਟਾਲਾ ਵੱਲੋਂ ਅਸਤੀਫ਼ਾ ਦੇਣ 'ਤੇ ਇਹ ਸੀਟ ਖਾਲੀ ਹੋਈ ਸੀ ਭਾਵੇਂ ਚੋਣ ਕਮਿਸ਼ਨ ਵੱਲੋਂ ਇਸ ਹਲਕੇ ਦੀ ਚੋਣ ਕਰਾਉਣ ਲਈ ਕੋਈ ਤਰੀਕ ਨਿਸ਼ਚਤ ਨਹੀ ਕੀਤੀ ਹੈ ਪ੍ਰੰਤੂ ਰਾਜਸੀ ਪਾਰਟੀਆਂ ਨੇ ਹੁਣੇ ਤੋਂ ਇਸ ਜਿਲੇ 'ਚ ਸਰਗਰਮੀਆਂ ਤੇਜ਼ ਕਰ ਦਿੱਤੀਆਂ ਹੈ। ਸਾਬਕਾ ਮੁੱਖ ਮੰਤਰੀ ਉਪ ਪ੍ਰਕਾਸ਼ ਚੋਟਾਲਾ ਤੇ ਪ੍ਰਤਾਪ ਸਿੰਘ ਚੋਟਾਲਾ ਨੇ ਵੀ ਇਸ ਹਲਕੇ ਤੋਂ ਕਾਂਗਰਸ ਟਿਕਟ ਲੈਣ ਦੀ ਮੰਗ ਕਰਦਿਆਂ ਧਮਕੀ ਭਰੇ ਲਹਿਜੇ 'ਚ ਕਿਹਾ ਹੈ ਕਿ ਜੇਕਰ ਕਾਂਗਰਸ ਟਿਕਟ ਨਹੀ ਦੇਵੇਗੀ ਤਾਂ ਮੈਂ ਆਪਣੇ ਪਿਤਾ ਦੇ ਜੱਦੀ ਹਲਕੇ ਤੋਂ ਆਜ਼ਾਦ ਉਮੀਦਵਾਰ ਦੇ ਤੌਰ 'ਤੇ ਚੋਣ ਲੜਾਂਗਾ। ਹੁੱਡਾ ਦੀ ਦੂਜੀ ਵਾਰ ਸਰਕਾਰ ਬਣਨ 'ਤੇ ਇਹ ਪਹਿਲੀ ਉਪ ਚੋਣ ਹੋਵੇਗੀ ਜਿਸ ਨੂੰ ਦੇਖਦੇ ਹੋਏ ਰਾਜਸੀ ਪਾਰਟੀਆਂ ਨੇ ਸਰਗਰਮੀਆਂ ਤੇਜ਼ ਕਰ ਦਿੱਤੀਆਂ ਹਨ । ਚੋਟਾਲਿਆ ਵੱਲੋਂ ਆਪਣੀ ਇਸ ਜੱਦੀ ਪਰਵਾਰਿਕ ਸੀਟ 'ਤੇ ਕਿਸ ਨੂੰ ਉਮੀਦਵਾਰ ਬਣਾਇਆ ਜਾਵੇ ਇਸ ਬਾਰੇ ਹਾਲੇ ਪ੍ਰਿਆਸ ਲਗਾਏ ਜਾ ਰਹੇ ਹਨ । ਸਮਾਂ ਆਉਣ 'ਤੇ ਸਾਰੀਆਂ ਪਾਰਟੀਆਂ ਵੱਲੋਂ ਆਪਣੇ ਪੱਤੇ ਖੇਲੇ ਜਾਣਗੇ। ਸੂਤਰਾਂ ਅਨੁਸਾਰ ਇਸ ਉਪ ਚੋਣ ਨੂੰ ਲੈ ਕੇ ਭਾਜਪਾ ਤੇ ਇਕੈਲੋ 'ਚ ਸਮਝੋਤਾ ਕਰਾਉਣ ਲਈ ਕਈ ਆਗੂ ਅੱਡੀ ਚੋਟੀ ਦਾ ਜੋਰ ਲਗਾ ਰਹੇ ਹਨ । ਵਿਧਾਨ ਸਭਾ ਚੋਣਾਂ 'ਚ ਮੂੰਹ ਦੀ ਖਾਣ ਤੋਂ ਬਾਅਦ ਦੋਵਾਂ ਪਾਰਟੀਆਂ ਵੱਲੋਂ ਹੁਣ ਇਕੱਠੇ ਚੋਣ ਲੜਣ 'ਤੇ ਵਿਚਾਰ ਕੀਤਾ ਜਾ ਰਿਹਾ ਹੈ।

ਹਰਿਆਣਾ 'ਚ ਸੀਨੀਅਰ ਨਾਗਰਿਕ ਸਨਮਾਨ ਕਲੱਬ ਖੋਲ੍ਹਣ ਦਾ ਫੈਸਲਾ

ਚੰਡੀਗੜ੍ਹ, 2 ਦਸੰਬਰ (ਸਵਾਸਤਿਕ ਸ਼ਰਮਾ)- ਹਰਿਆਣਾ ਸਰਕਾਰ ਨੇ ਸਾਰੇ ਦਿਹਾਤੀ ਖੇਤਰਾਂ ਵਿਚ ਰਾਜ ਦੇ ਸੀਨੀਅਰ ਨਾਗਰਿਕਾਂ ਦੇ ਲਈ "ਸੀਨੀਅਰ ਨਾਗਰਿਕ ਸਨਮਾਨ ਕਲਬ" ਖੋਲ੍ਹਣ ਦੀ ਮਹੱਤਵਕਾਂਗੀ ਯੋਜਨਾ ਸ਼ੁਰੂ ਕਰਨ ਦਾ ਫੈਸਲਾ ਲਿਆ ਹੈ ਤਾਂ ਕਿ ਸੀਨੀਅਰ ਨਾਗਰਿਕ ਸਹੀ ਢੰਗ ਨਾਲ ਆਪਣਾ ਜੀਵਨ ਬੀਤਾ ਸਕੇਂ ਅਤੇ ਇਸ ਯੋਜਨਾ ਦੇ ਤਹਿਤ ਦਿਹਾਤੀ ਖੇਤਰਾਂ ਵਿਚ ਲਗਭਗ 1000 ਅਜਿਹੇ ਕਲਬਾਂ ਦੀ ਸਥਾਪਨਾ ਕੀਤੀ ਜਾਵੇਗੀ । ਹਰਿਆਣਾ ਦੇ ਵਿੱਤ ਮੰਤਰੀ ਕੈਪਟਨ ਅਜੈ ਸਿੰਘ ਯਾਦਵ ਨੇ ਦਸਿਆ ਕਿ ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਭੁਪਿੰਦਰ ਸਿੰਘ ਹੁੱਡਾ ਨੇ ਬੀਤੇ ਅਗਸਤ ਮਹੀਨੇ ਵਿਚ ਆਯੋਜਿਤ ਵਿਧਾਨ ਸਭਾ ਸੈਸ਼ਨ ਦੇ ਦੌਰਾਨ ਸਦਨ ਵਿਚ ਦਿਹਾਤੀ ਖੇਤਰਾਂ ਵਿਚ ਸੀਨੀਅਰ ਨਾਗਰਿਕ ਸਨਮਾਨ ਕਲੱਬ ਸਥਾਪਿਤ ਕਰਨ ਦਾ ਐਲਾਨ ਕੀਤਾ ਸੀ ਅਤੇ ਮੁੱਖ ਮੰਤਰੀ ਦੀ ਇਸ ਵਚਨਬੱਧਤਾ ਨੂੰ ਧਿਆਨ ਵਿਚ ਰੱਖਦੇ ਹੋਏ ਹਰਿਆਣਾ ਸਰਕਾਰ ਨੇ ਦਿਹਾਤੀ ਖੇਤਰਾਂ ਵਿਚ ਸੀਨੀਅਰ ਨਾਗਰਿਕ ਸਨਮਾਨ ਕਲਬ ਸਥਾਪਿਤ ਕਰਨ ਦੀ ਯੋਜਨਾ ਬਣਾਈ ਹੈ । ਮੌਜੂਦਾ ਮਾਲੀ ਵਰ੍ਹੇ ਦੇ ਦੌਰਾਨ ਸਾਰੇ ਜਿਲ੍ਹਿਆਂ ਵਿਚ ਲਗਭਗ ☛(ਬਾਕੀ ਸਫਾ 2 'ਤੇ)

ਸਾਰੇ ਬਕਾਏ ਜਮ੍ਹਾ ਕਰਵਾਉਣ ਦੀ ਬੇਨਤੀ

ਅਦਾਰਾ ਅੱਜ ਦੀ ਆਵਾਜ਼ ਦੇ ਸਾਰੇ ਪੱਤਰਕਾਰਾਂ, ਪੇਪਰ ਏਜੰਟਾਂ, ਐਡ ਏਜੰਸੀਆਂ ਅਤੇ ਹੋਰ ਸਬੰਧਿਤ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣੇ ਸਾਰੇ ਪਿਛਲੇ ਬਕਾਏ 31 ਦਸੰਬਰ, 2009 ਤੋਂ ਪਹਿਲਾਂ ਜਮ੍ਹਾ ਕਰਵਾ ਦੇਣ। ਇਸ ਸਬੰਧੀ ਸਾਰੇ ਪੱਤਰਕਾਰਾਂ ਨੂੰ ਵਿਸ਼ੇਸ਼ ਤੌਰ 'ਤੇ ਬੇਨਤੀ ਹੈ ਕਿ ਉਹ ਆਪਣੇ ਖਾਤੇ ਇਸ ਤਾਰੀਕ ਤੋਂ ਪਹਿਲਾਂ ਨਿਲ ਕਰ ਲੈਣ। -ਮੈਨੇਜਰ

ਝੀਂਡਾ ਆਪਣੀ ਪੀੜ੍ਹੀ ਹੇਠਾਂ ਸੋਟਾ ਫੇਰਨ-ਮੱਕੜ

ਅਨੰਦਪੁਰ ਸਾਹਿਬ, 2 ਦਸੰਬਰ (ਬਲਵਿੰਦਰ ਰੈਤ, ਨੱਢਾ)-ਮੈਨੂੰ ਕੱਠਪੁਤਲੀ ਦੱਸਣ ਵਾਲੇ ਝੀਂਡਾ ਸਾਹਿਬ ਨੂੰ ਪਹਿਲਾਂ ਆਪਣੀ ਪੀੜ੍ਹੀ ਹੇਠਾਂ ਸੋਟਾ ਫੇਰਨਾ ਚਾਹੀਦਾ ਹੈ, ਕਿਉਂਕਿ ਸ੍ਰ. ਪ੍ਰਕਾਸ਼ ਸਿੰਘ ਬਾਦਲ ਨੇ ਤੇ ਉਨ੍ਹਾਂ ਦੇ ਪਰਿਵਾਰ ਨੂੰ ਹਮੇਸ਼ਾ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਜਿੱਥੇ ਭਲਾ ਸੋਚਿਆ ਹੈ, ਉਥੇ ਹੀ ਸਿੱਖ ਕੌਮ ਦੀ ਚੜ੍ਹਦੀ ਕਲਾ ਲਈ ਆਪਣੇ ਜੀਵਨ ਵਿੱਚ ਕੰਮ ਕੀਤਾ ਹੈ। ਇਸ ਲਈ ਕਿਸੇ ਵੀ ਪੰਥ ਦੇ ਹਿੱਤ ਵਿੱਚ ਲਏ ਜਾਣ ਵਾਲੇ ਫੈਸਲੇ ਸੰਬੰਧੀ ਬਜ਼ੁਰਗ ਤੇ ਤਜਰਬੇਕਾਰ ਸਿੱਖ ਆਗੂ ਤੋਂ ਸਲਾਹ ਲੈਣੀ ਕੋਈ ਮਾੜੀ ਗੱਲ ਨਹੀਂ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਅੱਜ ਇੱਕ ਵਿਸ਼ੇਸ਼ ਗੱਲਬਾਤ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਕੀਤਾ। ਉਨ੍ਹਾਂ ਦੇ ਨਾਲ ਇਸ ਮੌਕੇ ਪਰਮਜੀਤ ਸਿੰਘ ਵੀ ਹਾਜ਼ਰ ਸਨ।

ਫੈਡਰੇਸ਼ਨ ਤੇ ਸਿੱਖ ਜਥੇਬੰਦੀਆਂ ਨੇ ਪ੍ਰੋ. ਦਰਸ਼ਨ ਸਿੰਘ ਦਾ ਸਮਾਗਮ ਰੋਕਿਆ

ਸਮਰਾਲਾ ਚੌਕ ਨਜ਼ਦੀਕ ਇੱਕ ਮੈਰਿਜ ਪੈਲੇਸ ਵਿਖੇ ਰੱਖੀ ਗਈ ਸੀ ਦਸਮ ਗ੍ਰੰਥ ਸੰਬੰਧੀ ਵਿਚਾਰ ਗੋਸ਼ਟੀ

ਲੁਧਿਆਣਾ, 2 ਦਸੰਬਰ (ਰਾਜ ਜੋਸ਼ੀ)- ਸ਼੍ਰੋਮਣੀ ਖਾਲਸਾ ਪੰਚਾਇਤ ਇੰਟਰਨੈਸ਼ਨਲ ਅਤੇ ਸਹਿਯੋਗੀ ਜਥੇਬੰਦੀਆਂ ਵੱਲੋਂ ਸਥਾਨਕ ਸਮਰਾਲਾ ਚੌਕ ਨਜ਼ਦੀਕ ਸਥਿਤ ਇੱਕ ਮੈਰਿਜ ਪੈਲੇਸ ਵਿਖੇ ਰੱਖੀ ਗਈ ਦਸਮ ਗ੍ਰੰਥ ਸੰਬੰਧੀ ਵਿਚਾਰ ਗੋਸ਼ਟੀ ਦੇ ਵਿਰੋਧ ਵਿੱਚ ਅੱਜ ਪ੍ਰੋ. ਦਰਸ਼ਨ ਸਿੰਘ ਵੱਲੋਂ ਜੋ ਸ਼ਿਰਕਤ ਇਸ ਵਿੱਚ ਕੀਤੀ ਜਾਣੀ ਸੀ, ਸਿੱਖ ਸਟੂਡੈਂਟ ਫੈਡਰੇਸ਼ਨ (ਮਹਿਤਾ) ਦੇ ਪ੍ਰਧਾਨ ਭਾਈ ਪਰਮਜੀਤ ਸਿੰਘ ਖਾਲਸਾ ਦੀ ਅਗਵਾਈ ਵਿੱਚ ਵਿਰੋਧ ਪ੍ਰਦਰਸ਼ਨ ਕੀਤਾ ਗਿਆ ਤੇ ਸਥਿਤੀ ਨੂੰ ਸ਼ਾਂਤਮਈ ਰੱਖਣ ਲਈ ਪ੍ਰਸ਼ਾਸਨ ਵੱਲੋਂ ਪ੍ਰੋ. ਦਰਸ਼ਨ ਸਿੰਘ ਨੂੰ ਇਸ ਸਮਾਗਮ ਵਿੱਚ ਸ਼ਾਮਲ ਨਾ ਹੋਣ ਦੇ ਦਿੱਤੇ ਆਦੇਸ਼ਾਂ ਉਪਰੰਤ ਫੈਡਰੇਸ਼ਨ ਆਗੂਆਂ ਤੇ ਕਾਰਕੁੰਨਾਂ ਨੇ ਉਕਤ ਮੈਰਿਜ ਪੈਲੇਸ ਦਾ ਘਿਰਾਓ ਕਰਨਾ ਬੰਦ ਕੀਤਾ। ਇਸ ਸੰਬੰਧੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਭਾਈ ਪਰਮਜੀਤ ਸਿੰਘ ਖਾਲਸਾ ਨੇ ਕਿਹਾ ਕਿ ਪ੍ਰੋਫੈਸਰ ਦਰਸ਼ਨ ਸਿੰਘ ਦਾ ਫੈਡਰੇਸ਼ਨ ਵੱਲੋਂ ਹਰ ਪਾਸੇ ਵਿਰੋਧ ਕੀਤਾ ਜਾਵੇਗਾ। ਇਸ ਸਮੇਂ ਸ੍ਰੀ ਅਕਾਲ ਤਖਤ ਮਹਾਨ ਤੇ ਸਿੱਖ ਪੰਥ ਦੀ ਸ਼ਾਨ ਹੈ ਦੇ ਨਾਅਰੇ ਲਾਉਣ ਵਾਲਿਆਂ ਵਿੱਚ ਭਾਈ ਪਰਮਜੀਤ ਸਿੰਘ ਖਾਲਸਾ, ਭਾਈ ਗੁਰਦੀਪ ਸਿੰਘ ਗੋਸ਼ਾ, ਭਾਈ ਮੇਜਰ ਸਿੰਘ ਆਦਿ ਸਮੇਤ ਭਾਰੀ ਗਿਣਤੀ ਵਿੱਚ ਵਰਕਰ ਹਾਜ਼ਰ ਸਨ।

ਪਰਮਜੀਤ ਸਿੰਘ ਖਾਲਸਾ ਦੀ ਅਗਵਾਈ ਵਿੱਚ ਪ੍ਰਦਰਸ਼ਨ ਕਰਦੇ ਹੋਏ ਫੈਡਰੇਸ਼ਨ ਵਰਕਰ

ਸਿੱਖ ਇਤਿਹਾਸਕਾਰ ਡਾ. ਜੋਧ ਸਿੰਘ ਨੇ ਪ੍ਰੋ. ਦਰਸ਼ਨ ਸਿੰਘ ਦੇ ਬਿਆਨਾਂ ਨੂੰ ਨਕਾਰਿਆ

ਜਲੰਧਰ, 2 ਦਸੰਬਰ (ਵਿਸ਼ਵ ਵਾਰਤਾ)-ਅਕਾਲ ਤਖਤ ਦੇ ਸਾਬਕਾ ਜਥੇਦਾਰ ਪ੍ਰੋ. ਦਰਸ਼ਨ ਸਿੰਘ ਵੱਲੋਂ 5 ਦਸੰਬਰ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਜਾਕੇ ਆਪਣੀਆਂ ਟੇਪਾਂ ਤੇ ਸੀ. ਡੀ. ਵਿਚ ਦਸਮ ਗ੍ਰੰਥ ਬਾਰੇ ਕੀਤੀਆਂ ਗਈਆਂ ਟਿੱਪਣੀਆਂ ਬਾਰੇ ਸਪੱਸ਼ਟੀਕਰਨ ਦਿੱਤਾ ਜਾਏਗਾ। ਇਸ ਬਾਰੇ ਜਿਸ ਲੇਖਕ (ਡਾ. ਜੋਧ ਸਿੰਘ) ਦੀ ਪੁਸਤਕ ਬਾਰੇ ਪ੍ਰੋ. ਦਰਸ਼ਨ ਸਿੰਘ ਵੱਲੋਂ ਹਵਾਲਾ ਦਿੱਤਾ ਜਾ ਰਿਹਾ ਹੈ, ਉਸ ਦਾ ਕਹਿਣਾ ਹੈ ਕਿ ਉਸ ਦੀ ਲਿਖਤ ਦੇ ਮੂਲ ਹਿੰਦੀ ਅਨੁਵਾਦ ਅਤੇ ਦਸਮ ਗ੍ਰੰਥ ਵਿਚ ਅਜਿਹੀ ਕੋਈ ਘਟਨਾ ਨਹੀਂ ਜਿਸ ਦਾ ਜ਼ਿਕਰ ਪ੍ਰੋ. ਦਰਸ਼ਨ ਸਿੰਘ ਕਰ ਰਹੇ ਹਨ।

ਉਨ੍ਹਾਂ ਆਖਿਆ ਕਿ ਇਹ ਸਭ ਕਿਸੇ ਤੀਸਰੀ ਧਿਰ ਦੀਆਂ ਕਹਾਣੀਆਂ ਦਾ ਸੰਵਾਦ ਹੈ। ਡਾ. ਜੋਧ ਸਿੰਘ ਮੁਖੀ ਇਨਸਾਇਕਸਲੋਪੀਡੀਆ ਆਫ਼ ਸਿੱਖਇਜ਼ਮ ਵਿਭਾਗ ਪੰਜਾਬੀ ਯੂਨੀਵਰਸਿਟੀ ਨੇ ਨਿਊਯਾਰਕ ਵਿਚ ਕਰਵਾਏ ਗਏ ਇਕ ਟੀ. ਵੀ. ਸ਼ੋਅ ਦੌਰਾਨ ਦਰਸ਼ਕਾਂ ਦੇ ਭੁਲੇਖੇ ਦੂਰ ਕੀਤੇ ਤੇ ਪ੍ਰੋ. ਦਰਸ਼ਨ ਸਿੰਘ ਬਿਆਨਾਂ ਨੂੰ ਨਕਾਰਿਆ ਗਿਆ।